# ਕੱਚੇ ਕੱਚ ਦੇ ਕੰਙਣ



ਗੁਰਮੀਤ ਬਰਾੜ

Academy of the Punjab in North America: http://www.apnaorg.com

**ਚਾਨਣ ਤੋਂ ਡਰਦੀ ਕੁੜੀ**

ਸੰਘਣੇ ਦਰੱਖ਼ਤ ਹੇਠਾਂ
ਕੰਬਲ਼ ਦਾ
ਝੁੰਬ ਮਾਰੀ ਬੈਠੀ ਕੁੜੀ
ਤੇਜ਼ ਹਵਾ ਵਗਣ 'ਤੇ
ਕੰਬਦੀ, ਸੁੰਗੜਦੀ
ਕੰਬਲ਼ ਆਪਣੇ ਨਾਲ਼
ਹੋਰ ਘੁੱਟ ਲੈਂਦੀ ਹੈ
ਪਰ
ਇਸ ਤੋਂ ਬੇ-ਖ਼ਬਰ
ਕਿ
ਕੰਬਲ਼ ਅੰਦਰ
ਉਹਦੇ ਸਾਹਾਂ ਦਾ ਵੇਗ
ਹਵਾ ਨੂੰ ਵੀ
ਡਾਹ ਨਹੀਂ ਦਿੰਦਾ
ਉਹਦੇ ਭਖ਼ਦੇ ਸਾਹਾਂ 'ਚ
ਕੋਈ ਗਲ਼ਵੱਕੜੀ ਦੀ
ਖ਼ੈਰ ਮੰਗਦੈ
ਵਧਦੇ ਕਾਂਬੇ ਨਾਲ਼
ਅੰਦਰਲੇ ਜੋੜ ਨੂੰ
ਪਛਾਨਣ ਤੋਂ
ਜਾਂ ਉਹ ਡਰਦੀ ਹੈ
ਜਾਂ ਫਿਰ ਸੰਗਦੀ ਹੈ

Academy of the Punjab in North America: http://www.apnaorg.com

**ਤੇ ਚੂੜੀਆਂ ਚੁੱਪ ਰਹੀਆਂ...**

ਐਵੇਂ ਹੀ
ਵਾਟਾਂ ਦੇ ਸਿਰ ਮੜ੍ਹ 'ਤਾ
ਮੇਰਾ ਤੇਰੇ ਤੱਕ
ਨਾ ਉੱਪੜਨ ਦਾ ਇਲਜ਼ਾਮ
ਤੇਰੀ ਪਿੱਠ
ਮੇਰੇ ਵੱਲ ਸੀ
ਮੇਰੀ ਤੇਰੇ ਵੱਲ
ਮੇਰਾ ਮੂੰਹ ਏਧਰ
ਤੇ ਤੇਰਾ ਓਧਰ
ਇਹ ਧੌਣ ਦਾ ਅਕੜੇਵਾਂ ਸੀ
ਕਿ
ਭੌਂਅ ਕੇ
ਨਾ ਮੈਂ ਵੇਖਿਆ
ਤੇਰੇ ਵੱਲ
ਨਾ ਤੂੰ ਮੇਰੇ ਵੱਲ!
ਵੀਣੀਆਂ ਦੀ ਤਾਂ
ਹਾਕ ਹੀ ਨਹੀਂ ਪਾਟੀ
ਚੂੜੀਆਂ ਵੇਖ ਕੇ ਵੀ
ਚੁੱਪ ਰਹੀਆਂ...

Academy of the Punjab in North America: http://www.apnaorg.com

**ਕਾਠ ਦੇ ਘੋੜੇ**

ਸਾਡੇ ਸੰਨ੍ਹ ‘ਚ
ਕੌਤਰ ਸੌ ਹੱਦਾਂ
ਤੇ ਨੌਤੀ ਸੌ ਸਮੁੰਦਰ
ਮੇਰੇ ਮਹਿਬੂਬ!
ਜੇ ਤੂੰ
ਤੁਰ ਪਿਆ ਹੈਂ
ਚੜ੍ਹਦੇ ਵੱਲ
ਮੂੰਹ ਕਰਕੇ
ਤਾਂ
ਮਸ਼ਕਾਂ ਬੰਨ੍ਹ ਲੈ
ਘੁੰਘਟ ਦੇ ਪਟ
ਬੁੱਲ੍ਹੀਂ ਚਿੱਥ ਕੇ
ਕਰ ਲੈ ਹੋਰ ਭੀੜੇ
ਹੋਰ ਪੀਢੇ
ਤੇਰੇ ਰਾਹਾਂ ਦੇ
ਉਜਾੜ ਬੀਆਬਾਨ ‘ਚ
ਹੈ ਥੋਹਰਾਂ ਦਾ
ਸਾਮਰਾਜ
ਪਹਿਰੇਦਾਰੀ ਕਰਦੇ
ਉੱਡਣੇ ਸਪੋਲ਼ੀਏ
ਤੇਰੇ ਮੱਥੇ ਨੂੰ ਡੰਗਣਗੇ
ਮੈਂ ਤਾਂ
ਤਪਦੇ ਮਾਰੂਥਲ ‘ਚ
ਊਠਾਂ ਤੋਂ ਲਾਹ ਪਲਾਣੇ
ਕਾਠ ਦੇ ਘੋੜੇ
ਬੀੜ ਬੈਠਾ ਹਾਂ

Academy of the Punjab in North America: http://www.apnaorg.com

**ਮਾਇਆ-ਮਿਰਗ**

ਮਰਿਆਦਾ ਪੁਰਸ਼ੋਤਮ!
ਤੁਸੀਂ
ਕੀਹਦੇ ਮਗਰ
ਕਿੱਧਰ ਨੂੰ ਚੱਲੇ!
ਇਹ ਸੋਨੇ ਦਾ ਮਿਰਗ
ਮ੍ਰਿਗਣੀਆਂ ਦੇ ਢਿੱਡੋਂ
ਨਹੀਂ ਜੰਮਿਆ
ਇਹ ਮਾਇਆ-ਮਿਰਗ ਤਾਂ
ਪੁੰਗਰਦੇ ਨੇ
ਅਣਹੋਂਦ 'ਚੋਂ
ਪਾਉਂਦੇ ਨੇ ਭਰਮਾਂ 'ਚ
ਕੀ ਮਾਨਵ
ਕੀ ਦਾਨਵ
ਕੀ ਦੇਵ
ਬਣਦੇ ਨੇ ਸਬੱਬ
ਤ੍ਰੀਮਤਾਂ ਦੇ ਉਧਾਲ਼ੇ
ਭਾਈਆਂ ਦੇ ਨਖੇੜੇ
ਰਾਜਿਆਂ ਦੇ ਦੀਵਾਲ਼ੇ
ਤੇ
ਲੰਕਾ ਦੇ ਸਾੜੇ ਦਾ

Academy of the Punjab in North America: http://www.apnaorg.com

**ਬਦਲਦੇ ਮੌਸਮ ਦੇ ਨਕਸ਼**

ਲਗਦਾ ਹੈ ਤੈਨੂੰ
ਖਿੱਚ ਹੀ ਲਿਆਊਗੀ
ਸੁੰਨੇ ਪਏ ਮਾਰੂਥਲ 'ਚ
ਖੁੱਭਣ ਦੀ ਖ਼ਾਹਿਸ਼
ਜਾਂ ਮੈਨੂੰ
ਉਧਾਲ਼ ਲਏਗੀ
ਸਮੁੰਦਰਾਂ 'ਚ
ਡੁੱਬਣ ਦੀ ਖ਼ਾਹਿਸ਼
ਤੇਰੇ ਸਾਗਰ 'ਚੋਂ
ਉੱਠੀ ਹੈ ਘਨਘੋਰ
ਕਿ ਵਰ੍ਹਿਆਂ ਤੋਂ
ਬੈਠੀ ਹੈ ਪਾਲ਼ੀ
ਕੋਈ ਰਾਤ-ਰਾਣੀ
ਮੇਰੀ ਹਿੱਕ 'ਤੇ
ਉੱਗਣ ਦੀ ਖ਼ਾਹਿਸ਼
ਹੁਣ ਤੱਕ ਲਾਇਆ ਨਹੀਂ
ਚੋਭਾਂ ਦਾ ਹਿਸਾਬ
ਕਰਦੇ ਰਹੇ ਪੂਰੀ ਸੂਲ਼ਾਂ ਦੀ
ਚੁਭਣ ਦੀ ਖ਼ਾਹਿਸ਼
ਜੀਭ ਨੇ ਹੀ ਲਾਏ ਸੀ
ਕਰਾਰਾਂ ਨੂੰ ਜਿੰਦਰੇ
ਬੋਲ ਤਾਂ ਰੱਖਦੇ ਸੀ
ਪੁੱਗਣ ਦੀ ਖ਼ਾਹਿਸ਼

Academy of the Punjab in North America: http://www.apnaorg.com

**ਬਰਫ਼ ਵਾਂਗ ਖੁਰਦੀ ਰਾਤ**

ਸੁਣ ਵੇ ਸੱਜਣ!
ਅੱਜ ਦੀ ਰਾਤ
ਤੂੰ
ਕੋਈ ਸੋਗੀ ਗੀਤ ਸੁਣਾ
ਟੁੱਟ ਜਾਣ
ਬੰਨ੍ਹ ਮੇਰੇ
ਦੀਦਿਆਂ ਦੇ ਸਾਰੇ
ਤੇ
ਕਲ-ਕਲ ਵਗਣ
ਮੇਰੇ ਅੱਥਰੂ
ਸੁੱਕ ਜਾਣ ਸਮੁੰਦਰ
ਠਾਠਾਂ ਮਾਰਦੇ ਜੋ
ਮੇਰੇ ਕੋਇਆਂ ਦੇ ਮਗਰ
ਕੁਛ ਨਾ ਬਚੇ
ਓਹਲਿਆਂ ਦੇ ਵੀ ਓਹਲੇ

Academy of the Punjab in North America: http://www.apnaorg.com

**ਲੋਕ-ਪਚਾਰਾ**

ਬੁੱਲ੍ਹਾਂ ਦੀ ਸਿੱਕਰੀ 'ਤੇ
ਸੁਰਖ਼ ਦੰਦਾਸਿਆਂ ਦਾ
ਲਿੱਪਣ
ਅੱਖਾਂ ਦੇ ਸੁਰਮਈ ਆਥਣ ਤੇ
ਚਟਕ ਚਾਨਣੀ ਦੀ
ਚਿਲਮਣ
ਉੱਚੜੇ ਪਿੰਡੇ 'ਤੇ
ਪਾਟ-ਪਟੰਬਰਾਂ ਦਾ
ਓਢਣ
ਖਚਰੇ ਹਾਸਿਆਂ 'ਤੇ
ਦੂਧੀਆ ਦੰਦਰਾਲ਼ ਦਾ
ਵਲ਼ਗਣ
ਕੌੜੀ ਜੀਭ 'ਤੇ
ਖੋਖਲ਼ੇ ਬੋਲਾਂ ਦੀ
ਮਿਠੱਤਣ
ਬੱਸ ਹੋਰ ਨਹੀਂ
ਕਰ ਸਕਦੀ
ਲੋਕ-ਪਚਾਰਾ
ਆਪਾ ਹੋ ਰਿਹਾ ਹੈ
ਅਗੋਚਰ
ਹੁਣ ਮੈਂ ਹੁੰਦੀ ਹਾਂ
ਪੜਦਿਆਂ ਤੋਂ ਮੁਨਕਰ

**ਚੁੱਪ ਦੇ ਅਖੰਡ-ਪਾਠ**

ਤੈਨੂੰ ਪਤਾ ਹੈ
ਮੈਨੂੰ ਸਹਾਰੇ ਦੀ ਨਹੀਂ
ਸਾਥ ਦੀ ਹੈ ਦਰਕਾਰ
ਮੇਰੇ ਤੇ ਤੇਰੇ
ਬੁੱਲ੍ਹਾਂ ਵਿਚਕਾਰ
ਇਹ ਜੋ ਹੋ ਰਹੇ ਨੇ
ਚੁੱਪ ਦੇ ਅਖੰਡ-ਪਾਠ
ਇਹ ਬੋਲਾਂ ਤੋਂ ਵੀ
ਜ਼ਿਆਦਾ
ਹੋਰ ਜ਼ਿਆਦਾ
ਕਰ ਰਹੇ ਨੇ ਉਚਾਰਿਤ
ਸੁਰ ਦੀ ਬਾਣੀ
ਖਿਣ ‘ਚ ਸੁੰਗੜ ਗਏ
ਪੈਂਡੇ ਦੀਆਂ
ਸਰਾਲ਼ ਵਰਗੀਆਂ
ਵਾਟਾਂ ‘ਚ
ਕਦੇ ਮੇਰਾ ਕੁਝ
ਗੁਆਚ ਗਿਆ ਸੀ
ਜੇ ਤੈਨੂੰ ਲੱਭਿਆ
ਤਾਂ
ਮੈਨੂੰ ਨਾ ਕਰੀਂ ਇਤਲਾਹ
ਗੁਆਚੇ ਦੇ ਥਿਆਉਣ ਦੀ
ਬੱਸ
ਦੇਵੀਂ ਸਲਾਹ
ਕਿ
ਮੈਂ ਕਿਵੇਂ ਗੁਆਵਾਂ
ਆਪਣੇ ਆਪ ਨੂੰ ਤੇਰੇ ਦੁਆਲ਼ੇ ‘ਚ
ਕਿ
ਆਪਣੀ ਅੰਤਿਮ ਅਰਦਾਸ ‘ਚ
ਮੈਂ ਆਪ ਵੀ
ਹੋਵਾਂ ਸ਼ਾਮਲ!

**ਪੋਟਾ-ਪੋਟਾ ਦਰਦ**

ਜਦੋਂ ਵੀ ਮਿਲ਼ੇ
ਤੂੰ ਸੂਰਜ ਤੋਂ
ਆਪਣੇ ਚਿਹਰੇ 'ਤੇ
ਛਪੇ ਦਿਨ
ਤੇ
ਮੇਰੇ ਚਿਹਰੇ 'ਤੇ
ਛਪੀਆਂ ਰਾਤਾਂ ਦਾ
ਹਿਸਾਬ ਮੰਗੀਂ
ਤੇ ਮੈ
ਸਲੀਬ 'ਤੇ ਟੰਗੇ
ਸੱਚ ਨੂੰ
ਪੁੱਛੂੰਗਾ ਕਿ
ਮੇਰੀਆਂ ਪੀੜਾਂ ਨੂੰ
ਗਿਣਦਾ ਗਿਣਦਾ
ਹਾਰ ਕੇ
ਕਿਉਂ ਦੇ ਗਿਆ ਗਵਾਹੀ
ਆਵਦੇ ਹੀ ਖ਼ਿਲਾਫ਼...?

**ਹੁਣ ਮੌਸਮ ਬਦਲੇਗਾ**

ਆਹ ਮੈਂ
ਕਿੱਥੇ ਆ ਗਿਆ ਹਾਂ
ਤੁਰ-ਤੁਰ ਕੇ
ਨੰਗੇ ਪੈਰੀਂ
ਉੱਧੜੇ-ਪਾਟੇ
ਪੁਰਾਣੇ-ਸਰਾਣੇ
ਅੱਧੋਰਾਣੇ
ਬੋਦੇ ਵਰ੍ਹਿਆਂ ਦੇ
ਓਢਣ
ਮੈਂ ਵਗਾਹ ਮਾਰੇ ਨੇ
ਸੁੰਨੇ ਰਾਹਾਂ 'ਚ ਕਿਤੇ
ਆਹ ਇੱਕ ਨਵੀਂ ਸਵੇਰ
ਕੁੰਜ ਉਤਾਰ ਕੇ
ਬੈਠੀ ਹੈ
ਮੈਨੂੰ ਨਾਗਵਲ਼ ਪਾਉਣ ਲਈ
ਲੱਗਦੈ
ਹੁਣ ਮੌਸਮ ਬਦਲੇਗਾ
ਰੁੱਤਾਂ ਨੂੰ
ਬੂਰ ਆਇਆ ਹੈ
ਤਾਂ ਹੀ ਜ਼ਿੰਦਗੀ 'ਤੇ
ਨੂਰ ਆਇਆ ਹੈ!

**ਪੀੜ-ਹਰਣ**

ਮੇਰੇ ਪੀੜ ਹੈ
ਵੈਦ ਨੇ
ਕੀਤੇ ਹਨ
ਕੰਠ
ਪੋਥੇ ਤੇ ਗ੍ਰੰਥ
ਕਰਦਾ ਹੈ ਸ਼ਫ਼ਾ
ਪਰ
ਵੈਦ ਨਹੀਂ
ਜਾਣਦਾ
ਪੀੜ-ਹਰਣ

ਮੇਰੇ ਪੀੜ ਹੈ
ਤੂੰ ਤਾਂ
ਨਹੀਂ ਪੜ੍ਹਿਆ
ਕਿਸੇ ਮਰਜ਼ ਦਾ
ਸ਼ਾਸਤਰ
ਫੇਰ ਕਿਵੇਂ
ਜਾਣ ਲਿਐ
ਪੀੜ-ਹਰਣ

Academy of the Punjab in North America: http://www.apnaorg.com

**ਸੁਹੱਪਣ**

ਜਦੋਂ ਤੂੰ
ਸ਼ੀਸ਼ੇ 'ਚ ਵੇਖਦੀ
ਲੱਗ ਪੈਂਦੀ ਹੈਂ
ਇਹ ਸੋਚਣ
ਕਿ
ਮੈਂ ਫ਼ਲਾਣੀ ਤੋਂ
ਕਿੰਨੀ ਸੋਹਣੀ ਹਾਂ
ਉਦੋਂ ਤਰੇੜ
ਸ਼ੀਸ਼ੇ 'ਚ ਨਹੀਂ ਪੈਂਦੀ
ਤੇਰੇ
ਅਕਸ 'ਚ ਪੈਂਦੀ ਹੈ
'ਤੇ
ਤੇਰਾ ਨੂਰ
ਪੈ ਜਾਂਦਾ ਹੈ ਮੱਧਮ
ਭੁਰ-ਭੁਰ ਕੇ
ਡਿੱਗ ਪੈਂਦਾ ਹੈ
ਤੇਰਾ ਸੁਹੱਪਣ
ਤੇ ਤੂੰ ਹੋ ਜਾਂਦੀ ਹੈਂ
ਸਿਆਣਪਾਂ ਤੋਂ
ਹੋਰ ਹੀਣੀਂ
ਹੋਰ ਊਣੀਂ

Academy of the Punjab in North America: http://www.apnaorg.com

**ਗੁਰੂ-ਘਰ ਗਿਆ ਸਾਂ**

ਗੁਰੂ-ਘਰ ਗਿਆ ਸਾਂ
ਮਨਮੁੱਖ ਨੂੰ
ਗੁਰਮੁੱਖ ਹੱਥੋਂ ਹਾਰਨ
ਪਰ
ਕੀਰਤਨ ਕਰਦਿਆਂ ਤੇ
ਟੱਲ ਵਜਾਉਂਦਿਆਂ 'ਚ
ਕੋਈ ਵਿੱਥ ਨਹੀਂ ਜਾਪੀ
ਜਿਉਂ-ਜਿਉਂ
ਮਾਇਆ ਆਉਂਦੀ ਜਾਂਦੀ
ਤਿਉਂ-ਤਿਉਂ
ਕੀਰਤ ਹੋਰ ਲਮੇਰਾ
ਵਾਜਿਆਂ ਦੀ
'ਵਾਜ ਹੀ ਵਜਦੀ ਰਹੀ
ਖੋਜ ਕਿਵ ਲੈਂਦੋ
ਸ਼ਬਦ ਮਾਹਿਂ
ਸ਼ਬਦ-ਗੁਰੂ ਨੂੰ
ਦੇ ਬੇ-ਦਾਵਾ
ਜੇ
ਮਜ਼ਾਰੀਂ ਨੱਕ ਰਗੜਦੇ
ਮੁੰਨੀਆਂ ਵਾਲੇ
ਦੋਖੀ!
ਤਾਂ
ਮੱਥੀਂ ਤਿਲਕ ਲਿਪਦੇ
ਤੁੰਨੀਆਂ ਵਾਲੇ
ਦੂਹਰ-ਦੋਖੀ!
ਪਰ
ਗੁਰਮੰਤਰ ਲੈ ਕੇ
ਮਨਮੰਤਰ ਜਪਦੇ
ਉਪਦੇਸ਼ੋਂ ਮੁਨਕਰ
ਖੁਲ੍ਹੀਆਂ ਵਾਲੇ
ਦੋਜਖੀ!
ਬੁੱਧ ਦੇ ਭਿਕਸ਼ੂ ਵਾਙੂੰ
ਨਾਨਕ ਦਾ ਗੁਰਮੁੱਖ
ਗਿੱਠ ਕੁ ਬੋਦੀ ਨੇ
ਖੱਸੀ ਕਰਤਾ
ਬਾਹਰੇ-ਬਾਹਰ ਤਾਂ
ਦਿੱਲੀ-ਦੱਖਣ ਫੇਰੇ ਪਾਏ
ਮੇਰੇ ਹਜ਼ੂਰ ਨਾਨਕ!
ਮਨ ਕੁਸੁੱਧਾ ਚਾਨਣ ਲੋਚੇ
ਬਾਬਿਉ!

Academy of the Punjab in North America: http://www.apnaorg.com

**ਤੂੰ ਤੁਰਿਆ ਚੱਲ**

ਜਦੋਂ ਤੱਕ
ਢਲ਼ਦੀ ਉਮਰ ਨਾਲ਼
ਨਾਰਾਂ ਦਾ ਸੁਹੱਪਣ
ਮਾਰਦਾ ਨਹੀਂ
ਸਿਆਣਪਾਂ ਦੀ ਬੁੱਕਲ਼
ਤੂੰ ਸੰਗਦਾ ਤਾਂ ਹੋਵੇਂਗਾ
ਪਰ ਤੂੰ ਤੁਰਿਆ ਚੱਲ!
ਮੀਸਣੇ ਹਾਸਿਆਂ ਨੇ
ਅਜੇ ਸਿੱਖੀ ਨਹੀਂ
ਅੱਖਾਂ ਦੀ ਰਮਜ਼
ਢਿੱਲਾ ਨਾ ਕਰੀਂ ਕਮਰ-ਕਸਾ
ਥੱਕਿਆਂ ਤਾਂ ਹੋਵੇਂਗਾ
ਪਰ ਤੂੰ ਤੁਰਿਆ ਚੱਲ!
ਹਯਾਤੀ ਦੇ ਵਰਤਾਰਿਆਂ ਤੋਂ
ਰਹਿਮ ਦੀ ਆਸ ਨਾ ਰੱਖੀਂ
ਡੱਬ 'ਚ ਤੁੰਨੇ ਤਰਕ
ਕਦੋਂ ਕੰਮ ਆਉਣਗੇ
ਤੇਰੇ ਹੱਥ ਤਾਂ ਕੰਬਣਗੇ
ਪਰ ਤੂੰ ਤੁਰਿਆ ਚੱਲ!
ਤੜਕੇ ਉੱਠ ਕੇ ਸੂਰਜ ਨੂੰ
ਸੜੀ ਬੂਥੀ ਨਾ ਵਿਖਾਈਂ
ਦੋਵੇਂ ਅੱਖਾਂ 'ਚ
ਦੋ ਸੂਰਜ ਲੈ ਕੇ ਜਾਗੀਂ
ਪਿੰਡਾ ਤਾਂ ਤੇਰਾ ਝੁਲ਼ਸੇਗਾ
ਪਰ ਤੂੰ ਤੁਰਿਆ ਚੱਲ!
ਤੂੰ ਚਾਹੁੰਦਾ ਹੈਂ
ਹਵਾ ਨੂੰ ਫੜਨਾ
ਤੇਰੇ ਚੁਫ਼ੇਰੇ ਤਾਂ
ਬੁੱਲਿਆਂ ਦਾ ਵੀ
ਦਮ ਨਿਕਲ਼ਦਾ ਹੈ
ਤੇਰਾ ਸਾਹ ਤਾਂ ਘੁੱਟੇਗਾ
ਪਰ ਤੂੰ ਤੁਰਿਆ ਚੱਲ!

ਜਦੋਂ ਤੱਕ
ਇਹ ਸੜਕ ਮੁੱਕ ਨਹੀਂ ਜਾਂਦੀ
ਤੂੰ ਤੁਰਿਆ ਚੱਲ ਬੰਦਿਆ!

Academy of the Punjab in North America: http://www.apnaorg.com

## ਜੱਟ ਦਾ ਮਨੋਵਿਗਿਆਨ

ਆਪਣੀ ਹਸਤੀ ਨੂੰ
ਬਚਾਉਂਣ ਲਈ
ਵਾਹੁੰਦਾ ਰਹਿੰਦਾ ਹੈ
ਕਦੇ ਜ਼ਮੀਨ
ਤੇ ਕਦੇ ਡਾਂਗ
ਕਿਸੇ ਵੀ ਜੱਟ 'ਚ
ਇੱਕ ਨਹੀਂ
ਕਈ ਜੱਟ ਹੁੰਦੇ ਐ
ਇਹਦੇ ਅੰਦਰਲਾ ਕੁਝ
ਖਿੱਚਦਾ ਹੈ
ਇੱਕ ਉਤਾਹਾਂ ਨੂੰ
ਇੱਕ ਹੇਠਾਂ ਨੂੰ
ਇੱਕ ਸੱਜੇ
ਇੱਕ ਖੱਬੇ
ਇਹਨਾਂ ਸਾਰਿਆਂ ਦੇ
ਵਿੱਚ ਵਿਚਾਲ਼ੇ
ਇੱਕ ਵਜੂਦ
ਗੁਆਚਿਆ-ਗੁਆਚਿਆ
ਖਿੱਚਿਆ-ਖਿੱਚਿਆ
ਵਲੂੰਧਰਿਆ-ਵਲੂੰਧਰਿਆ
ਰੱਜਿਆ ਤਾਂ
ਰੱਬ ਨੂੰ ਲਲਕਾਰਦਾ
ਸੂਰਜ ਨੂੰ ਮੁੱਠੀ 'ਚ ਫੜ ਕੇ
ਤਲ਼ੀਆਂ 'ਤੇ
ਮਸਲ਼ਣਾ ਲੋਚਦਾ ਹੈ
ਭੁੱਖਾ ਹੋਵੇ ਤਾਂ
ਡਾਂਗ ਫੜ ਕੇ
ਰੱਬ ਨੂੰ ਰੜੇ ਮੈਦਾਨ
ਟੱਕਰਨ ਦਾ ਹੀਂਆ ਕਰਦਾ ਹੈ
ਪਰ
ਗੁਰੂ-ਘਰ ਜਾ ਕੇ
ਭੁੱਲਾਂ ਕੀਹਤੋਂ ਬਖ਼ਸ਼ਾਉਂਦਾ ਹੈ
ਫੇਰ ਉਹ ਪਤਾ ਨ੍ਹੀਂ
ਕਿਹੜੇ ਰੱਬ ਨੂੰ
ਮੰਨਦਾ ਹੈ
ਜਾਂ ਤਾਂ ਉਹਦਾ ਕੋਈ
ਰੱਬ ਨ੍ਹੀਂ ਹੁੰਦਾ
ਜਾਂ ਫੇਰ ਉਹ
ਆਪ ਹੀ ਰੱਬ ਹੁੰਦਾ ਹੈ!

Academy of the Punjab in North America: http://www.apnaorg.com

## ਰਾਤ ਨੂੰ ਰੁਖ਼ਸਤ

ਨਹੀਂ ਆਉਂਦੀ ਊਂਘ ਤਾਂ
ਨਾ ਆਵੇ
ਤੇਰੇ ਆਇਆਂ
ਉਨੀਂਦਰਾ ਨੀਂਦ ਹੋਇਆ
ਮੈਂ ਇੱਕ ਯਾਦ ਚੱਬ ਕੇ
ਥੁੱਕ ਦਿੱਤੀ
ਇੱਕ ਦੁਪਹਿਰ
ਮਸਲ਼ ਕੇ
ਸੁੱਟ ਦਿੱਤੀ
ਇਹ ਰਾਤ
ਕਿਸੇ ਫ਼ਨੀਅਰ ਦੀ
ਜੇਠੀ ਧੀ
ਕੁੰਡਲ਼ੀ ਮਾਰ
ਮੇਰੀ ਜੀਭ ‘ਤੇ ਬਹਿ ਗਈ
ਹੁਣ ਚਿੱਤ ਨੂੰ
ਔੜ ਨਹੀਂ ਆਉਂਦੀ
ਕਿ ਕੀ ਕਰੂੰ
ਜੇ ਇਹਨੇ ਕੁੰਜ ਉਤਾਰੀ
ਇਹਨੂੰ ਤੜਕਸਾਰ ਹੀ
ਪੁੱਛ ਲਵੀਂ
ਮੇਰੇ ਕਿੰਨੇ ਸਾਹ
ਪੀ ਗਈ ਤੇ
ਕਿੰਨੇ ਬਾਕੀ ਨੇ
ਜਾਂ ਮੈਨੂੰ ਹੀ
ਜੂਨ ਨਾਗ ਦੀ ਪੈਣਾ ਪਊ

Academy of the Punjab in North America: http://www.apnaorg.com

**ਬੰਦੂਕੀਅਤ**

ਸਰਕਾਰੀ ਪਾਠਸ਼ਾਲਾ ਦੀ
ਪਹਿਲੀ ਜਮਾਤ 'ਚ
ਤੁਸੀਂ ਸਾਨੂੰ ਫਾਡੀ ਹੀ ਬਿਠਾਇਆ
ਮੂਹਰਲੀ ਕਤਾਰ 'ਚ ਬੈਠੇ
ਥੋਡੇ ਆਵਦੇ
ਸਭ ਕੁਝ ਪੜ੍ਹਦੇ-ਗੁਣਦੇ ਰਹੇ
ਪਰ
ਛੇਕੜ ਕੰਧ ਨਾਲ਼
ਢੋਅ ਲਾਈ ਬੈਠਿਆਂ ਨੂੰ ਸਾਨੂੰ
ਕੁਛ ਵੀ ਪੱਲੇ ਨਾ ਪਿਆ
ਤੁਸੀਂ ਜ਼ਮਹੂਰੀਅਤ ਆਖਿਆ
ਅਸੀਂ
ਬੰਦੂਕੀਅਤ ਸਮਝ ਲਿਆ
ਤੇ
ਕੱਚੇ ਮਗ਼ਜ਼ ਦੀ
ਖ਼ਾਲੀ ਫ਼ੱਟੀ 'ਤੇ
ਕਾਲ਼ਜੇ 'ਚ ਉਂਗਲ਼ਾਂ ਡੁਬੋ
ਦਹਿਸ਼ਤ ਦੀ
ਇਬਾਰਤ ਲਿਖਦੇ ਰਹੇ
ਵਹਿਸ਼ਤ ਦਾ ਪ੍ਰਮਾਣ-ਪੱਤਰ
ਮੁੱਠੀ 'ਚ ਮਰੋੜ
ਮਗਰਲੀ ਕੰਧ ਟੱਪ ਕੇ
ਇਉਂ ਨਿਕਲ਼ੇ
ਜਿਵੇਂ
ਹਰਨੋਟਿਆਂ ਦੀ ਡਾਰ ਦਾ
ਖਿੜੀ ਕਪਾਹ ਵਿਚ ਦੀ
ਵਹੀਰਾਂ ਘੱਤਣਾ
ਨਿਮਾਣਿਆਂ
ਨਿਤਾਣਿਆਂ
ਨਿਓਟਿਆਂ
ਤੇ
ਨਿਆਸਰਿਆਂ ਲਈ
ਤੁਸੀਂ ਹੋਰ ਕੋਈ
ਲਾਂਘਾ ਵੀ ਤਾਂ ਨਹੀਂ ਛੱਡਿਆ।

Academy of the Punjab in North America: http://www.apnaorg.com

**ਮੈਂ ਤੋਂ ਮੈਂ ਤੱਕ**

ਹੁਣ ਦਰਵੇਸ਼ ਹੋ ਕੇ
ਮੈਂ
ਤੇਰੇ ਬਹਾਨੇ
ਆਪਣੇ ਆਪ ਨੂੰ
ਫਿਰਦਾ ਹਾਂ ਭਾਲ਼ਦਾ
ਕਦੇ ਪੌਣ ਦੀ
ਗੁਰੂਤਾ 'ਚੋਂ
ਕਦੇ ਧਰਤੀ ਦੀ
ਮਮਤਾ 'ਚੋਂ
ਫਿਰ ਕਰਦਾ ਹਾਂ
ਆਤਮ-ਨਿਵੇਦਨ
ਤਾਂ
ਆਪ ਨੂੰ ਹੀ ਦੱਸਦਾ ਹਾਂ
ਤੇਰਾ ਸਿਰਨਾਵਾਂ
ਕਿ ਏਥੇ ਹੀ ਕਿਤੇ
ਕਿਸੇ ਨੇ
ਉਂਗਲ਼ ਫੜਨ ਦਾ
ਕੀਤਾ ਹੈ ਜੇਰਾ

**ਭਵਖੰਡਨ ਦੀ ਆਰਤੀ**

ਰੱਬ
ਜਾਂ ਰੱਬ ਵਰਗੇ
ਸਮਝ ਨਹੀਂ ਆਉਂਦੇ
ਜੇ ਸਮਝ ਆ ਜਾਣ ਤਾਂ
ਆਵਦੇ ਵਰਗੇ ਹੀ ਲੱਗਣ
ਜੋ ਸਮਝ ਨਹੀਂ ਆਉਂਦੇ
ਉਹਨਾਂ ਦੀ ਹੀ
ਕਰਦੇ ਹਾਂ ਪੂਜਾ
ਉਹਨਾਂ ਦੀ ਹੀ
ਉਤਾਰਦੇ ਹਾਂ
ਆਰਤੀ
ਦਿਸਹੱਦੇ ‘ਤੇ
ਟੱਲੀਆਂ ਖੜਕ ਰਹੀਆਂ ਨੇ
ਸੰਖ ਪੂਰੇ ਜਾ ਰਹੇ ਨੇ
ਹੋ ਰਹੀ ਹੈ
ਭਵਖੰਡਨ ਦੀ ਆਰਤੀ
ਕਾਇਨਾਤੀ ਚੁੱਪ ਨਾਲ਼
ਬਿਰਤੀ ਜੋੜਦਾ ਹਾਂ
ਕਰਦਾ ਹਾਂ ਕੋਸ਼ਿਸ਼
ਅਬੂਝ ਨੂੰ ਬੁੱਝਣ ਦੀ
ਬੇ-ਸਿਆਣ ਨਾਲ਼
ਸਿਆਣੂੰ ਹੋਣ ਦੀ
ਤ੍ਰਿਖਣਾ ਵਿਸਾਰਨ ਦੀ
ਪਰ
ਇਸ ਸ਼ਾਮ ਦੀ
ਛਾਮ ‘ਚ ਵੀ
ਬੜੀ ਘਾਮ ਹੈ
ਬੜਾ ਸ਼ੋਰ ਹੈ
ਮੇਰੇ ਅੰਦਰ

Academy of the Punjab in North America: http://www.apnaorg.com

**ਤੇਰੇ ਵਸਲ ਦੀ ਯਾਦ**

ਤੇਰੇ ਵਸਲ ਦੀ ਯਾਦ
ਪੈ ਗਈ ਏਨੀ ਫ਼ਿੱਕੀ
ਕਿ
ਵਾਹਿਆਂ ਵੀ ਨਹੀਂ ਵਹਿੰਦੀ
ਤੇਰੀ ਕੋਈ ਤਸਵੀਰ
ਘਰੋਂ ਨਿਕਲ਼ ਕੇ
ਕਿਤੇ ਵੀ
ਉੱਜੜ ਜਾਣ ਦੀ ਤਾਂਘ
ਜ਼ਿੰਦਗੀ ਦੇ ਸਬੱਬਾਂ ਦੀ
ਬੇਲੋੜੀ ਦਾਤ ਹੈ ਕੋਈ
ਹੁਣ ਤਾਂ ਖ਼ਲਾਅ ਦੇ
ਵਰਕਿਆਂ 'ਤੇ
ਕੋਈ ਕਹਾਣੀ
ਮੈਨੂੰ ਲਿਖ ਰਹੀ ਹੈ
ਚੁੱਪ-ਚੁਪੰਤਰ
ਕੋਈ ਕਵਿਤਾ
ਕਰ ਰਹੀ ਹੈ
ਮੇਰਾ ਮੌਨ ਵਾਚਨ
ਲਿਖਦਿਆਂ-ਲਿਖਦਿਆਂ
ਮੈਂ ਅਣਲਿਖ ਹੋ ਗਿਆ
ਤੇ
ਪੜ੍ਹਦਿਆਂ-ਪੜ੍ਹਦਿਆਂ
ਤੂੰ ਪੂੰਝੀ ਗਈ
ਮੇਰੇ ਅੰਤਰਮਨ ਤੋਂ

Academy of the Punjab in North America: http://www.apnaorg.com

**ਵਣਜ**

ਹਰ ਵਾਰ
ਤੇਰਾ ਆਉਣਾ
ਤੇ ਆ ਕੇ ਆਖਣਾ
ਜੇ ਉਹ
'ਆਹ' ਕਰ ਸਕਦਾ ਹੈ
ਤਾਂ ਹੀ ਮੈਂ
'ਅਹੁ' ਕਰੂੰਗੀ
ਜੇ 'ਅਹੁ' ਕਰ ਸਕਦਾ ਹੈ
ਤਾਂ ਹੀ ਮੈਂ
'ਆਹ' ਕਰੂੰਗੀ
ਪਰ ਇੱਕ
ਵਣਜਾਰਾ ਆਇਆ ਸੀ
ਉਹਨੇ ਉਹਦੇ ਲਈ
'ਆਹ' ਵੀ ਕਰ ਦਿੱਤਾ
ਅਤੇ 'ਅਹੁ' ਵੀ
ਤੇ
ਤੇਰੇ ਨਾਲ਼ ਕੀਤਾ ਵਾਅਦਾ
ਉਹਦੇ ਲੜ ਬੰਨ੍ਹ 'ਤਾ
ਉਹ ਜਾਣ ਗਿਆ ਸੀ
ਕਿ ਤੈਨੂੰ ਤਾਂ
ਵਣਜ ਵੀ ਨਹੀਂ ਆਉਂਦਾ

Academy of the Punjab in North America: http://www.apnaorg.com

**ਪੜਛਾਵੇਂ**

ਜਦੋਂ ਮੈਨੂੰ
ਤੇਰੀ ਯਾਦ ਸੀ
ਮੇਰੀ ਜੀਭ ਨੂੰ
ਤੰਦੂਆ ਸੀ
ਜਦੋਂ ਬੋਲਾਂ ਨਾਲ਼
ਸਾਂਝ ਪਈ
ਤਾਂ
ਹੋ ਗਿਆ ਸਭ
ਸਿਮਰਤੀਆਂ ਦੇ ਉਹਲੇ
ਜਿਵੇਂ
ਛਾਤੀਆਂ ‘ਚ
ਕਿਸੇ ਹਉਂਕੇ ਦਾ
ਅੜਕ ਜਾਣਾ
ਜਿਵੇਂ
ਦਮ ਤੋੜਦੀ ਮੱਛੀ ਦਾ
ਕਿਸੇ ਪੱਥਰ ‘ਤੇ
ਤੜਫ਼ ਜਾਣਾ

Academy of the Punjab in North America: http://www.apnaorg.com

**ਕਰਤਾ ਪੁਰਖ**

ਲੀਲ੍ਹਾ ਹੈ
ਬੱਸ ਲੀਲ੍ਹਾ
ਪਲ-ਪਲ
ਹਰ ਪਲ
ਇਹ ਹਯਾਤ
ਬੱਸ
ਤੂੰ ਬਣਿਆ ਰਹਿ
ਤਮਾਸ਼ਬੀਨ

ਅਦਾਕਾਰੀ ਹੈ
ਬੱਸ ਅਦਾਕਾਰੀ
ਪਲ-ਪਲ
ਹਰ-ਪਲ
ਇਹ ਜ਼ਿੰਦਗੀ
ਨਿਭਾਉਂਦਾ ਰਹਿ
ਤੇਰਾ ਕਿਰਦਾਰ

ਨਾ ਕਰੀਂ
ਕਰਤਾ ਬਣਨ ਦੀ ਕੋਸ਼ਿਸ਼
ਕਿ ਤੂੰ ਨਹੀਂ
ਕਰਤਾ ਤਾਂ ਪੁਰਖ ਹੈ

**ਆਰਸੀ**

ਮੈਂ ਚੁੱਪ ਸੀ
ਤਾਂ
ਤੇਰੇ ਵੀ ਬੋਲ
ਗੁਆਚ ਗਏ
ਤੇਰੀਆਂ ਮੀਚੀਆਂ ਅੱਖਾਂ ਤੋਂ
ਮੇਰੇ ਦੀਦਿਆਂ ਨੇ ਵੀ
ਭੇੜ ਲਏ ਬੂਹੇ
ਬੁੱਲ੍ਹ ਤੇਰੇ ਖ਼ੁਸ਼ਕ ਸੀ
ਸਿੱਕਰੀ
ਮੇਰਿਆਂ 'ਤੇ ਆ ਗਈ
ਤੇਰੇ ਮੱਥੇ 'ਤੇ
ਚੰਦ ਜੇ ਚਮਕਿਆ
ਤਾਂ ਮੇਰਾ
ਅਕਸ ਹੈ ਰੌਸ਼ਨ
ਏਸੇ ਬਹਾਨੇ
ਜਦੋਂ ਵੀ ਕੀਤਾ
ਤੇਰਾ ਤਸੱਵੁਰ
ਮੇਰਾ ਹੀ ਚਿਹਰਾ
ਮੇਰੇ ਰੂ-ਬ-ਰੂ ਸੀ

Academy of the Punjab in North America: http://www.apnaorg.com

**ਵਾਅਦਾ ਮਾਫ਼ ਗਵਾਹ**

ਮੈਨੂੰ ਪਤਾ ਹੈ
ਬੰਬ ਕੀਹਨੇ ਸੁੱਟਿਆ ਹੈ
ਉਹਦੇ ਇਰਾਦੇ ਬੌਣੇ ਤੇ
ਵਿਚਾਰ ਛੋਟੇ ਹਨ
ਉਹਦਾ ਹੁਲੀਆ ਮੈਂ ਕਿਵੇਂ ਦੱਸਾਂ
ਨਾ ਉਹ ਪਤਲਾ ਹੈ ਨਾ ਭਾਰਾ
ਉਹਦੇ ਨੱਕ ਤਾਂ ਹੈ ਹੀ ਨਹੀਂ
ਜੇ ਹੁੰਦਾ ਤਾਂ
ਅਣਭੋਲ਼ ਨਿਆਣਿਆਂ ਦੀ
ਖ਼ੁਸ਼ਬੂ ਤਾਂ ਉਹਨੂੰ ਆਉਂਦੀ
ਅੱਖਾਂ ਤਾਂ ਹਨ
ਪਰ ਦਿਸਦਾ ਨਹੀਂ
ਜੇ ਦਿਸਦਾ ਤਾਂ
ਖਿੱਲਰੀਆਂ ਲਾਸ਼ਾਂ ਨੂੰ ਵੇਖ
ਉਹ ਰੋਂਦਾ ਤਾਂ ਜ਼ਰੂਰ
ਨਾ ਉਹ ਧਰਤੀ 'ਤੇ ਹੈ
ਨਾ ਅਸਮਾਨ 'ਤੇ
ਰਹਿੰਦਾ ਹੈ ਵਿੱਚ-ਵਿਚਾਲ਼ੇ
ਤ੍ਰਿਸ਼ੰਕੂ
ਉਹ ਮਾਂ ਦਾ ਨਹੀਂ ਜੰਮਿਆ
ਕਿਉਂਕਿ
ਮਾਵਾਂ ਤਾਂ
ਅੱਤਵਾਦੀ ਜੰਮਦੀਆਂ ਹੀ ਨਹੀਂ
ਬੰਦਾ ਜਦੋਂ ਪਸ਼ੂ ਬਣਦਾ ਹੈ
ਤਾਂ
ਬੰਦਿਆਂ ਵਾਂਗ ਹੀ ਦਿਸਦਾ ਹੈ
ਮੇਰੇ ਅੰਦਰ ਵੀ ਹੈ ਇਹ ਪਸ਼ੂ
ਮੈਂ ਹੀ ਸੁੱਟਿਆ ਹੈ ਬੰਬ
ਮੈਂ ਹੀ ਹਾਂ
ਵਾਅਦਾ ਮਾਫ਼ ਗਵਾਹ

Academy of the Punjab in North America: http://www.apnaorg.com

**ਪਛਾਣ**

ਜਦੋਂ ਅੱਖਾਂ
ਹਨੇਰੇ ਨੂੰ
ਚਾਨਣ ਤੋਂ
ਨਹੀਂ ਨਿਖੇੜਦੀਆਂ
ਸੱਜਾ ਹੱਥ ਹੀ
ਖੱਬੇ ਨੂੰ ਪੁੱਛਦਾ ਹੈ –
'ਮੈਂ ਪਛਾਣਿਆ ਨਹੀਂ
ਤੂੰ ਕੌਣ ਹੈਂ ਭਾਈ?'
ਝੂਠੀਆਂ ਕਹਾਣੀਆਂ 'ਤੇ
ਸੱਚੀਂ-ਮੁੱਚੀਂ ਰੋਣਾ
ਜਾਂ
ਸੱਚੀ ਦਾਸਤਾਨ 'ਤੇ
ਝੂਠ-ਮੂਠ ਡੁਸਕਣਾ
ਬੱਸ
ਐਵੇਂ ਐਵੇਂ ਹੀ ਲਗਦਾ ਹੈ
ਹੱਸਣ ਤੇ ਰੋਣ ਦਾ ਫ਼ਰਕ
ਹੋਰੂੰ-ਹੋਰੂੰ ਝਾਕਦੀ ਹੈ
ਇੱਕ ਅੱਖ ਵੱਲ
ਦੂਜੀ ਅੱਖ

**ਮੋਏ ਸੁਫ਼ਨਿਆਂ ਦੀ ਸ਼ਨਾਖ਼ਤ**

ਸੁਫ਼ਨੇ ਦਾ ਪੂਰਾ ਹੋਣਾ
ਸੁਫ਼ਨੇ ਦਾ
ਮਰ ਜਾਣਾ ਹੈ
ਜਿਵੇਂ ਬੰਦੇ ਦੇ
ਮਰ ਜਾਣ ਤੇ
ਉਹਦੀ ਪੂਰਣਤਾ ਦਾ ਅਹਿਸਾਸ
ਇਉਂ ਹੀ ਮਿਲ਼ਦੀ ਹੈ ਪੂਰਣਤਾ
ਤਾਂ
ਮੈਂ ਨਹੀਂ ਚਾਹੁੰਦਾ
ਕਿ
ਹੋਣ ਮੇਰੇ ਸੁਫ਼ਨੇ ਪੂਰੇ
ਮੈਂ ਤਾਂ
ਛੱਡ ਦਿੱਤਾ ਹੈ ਇਹਨਾਂ ਨੂੰ
ਖੰਭ ਲਾ ਕੇ
ਪੂਰੇ ਹੋਣਾ
ਜਾਂ ਨਾ ਹੋਣਾ
ਇਹਨਾਂ ਦੀ ਮਰਜ਼ੀ
ਮੇਰੀ ਮਰਜ਼ੀ 'ਚ ਸ਼ਾਮਿਲ ਹੈ
ਸੁਫ਼ਨਿਆਂ ਦੀ ਜੀਵੰਤਤਾ
ਮੈਂ ਨਹੀਂ ਕਰਨੀ
ਮੋਏ ਸੁਫ਼ਨਿਆਂ ਦੀ ਸ਼ਨਾਖ਼ਤ

Academy of the Punjab in North America: http://www.apnaorg.com

**ਸ਼ਾਮ ਮੁਬਾਰਿਕ**

ਐਵੇਂ ਹੀ
ਫੇਰੀਆਂ ਸੀ
ਰੇਤੇ 'ਤੇ ਉਂਗਲ਼ਾਂ,
ਗਹੁ ਨਾਲ਼ ਵੇਖਿਆ
ਤਾਂ
ਤੇਰੀ ਮੂਰਤ ਉੱਕਰ ਗਈ
ਹੁਣੇ ਤਾਂ ਲਿਆਈ ਸੀ
ਹਵਾ
ਤੇਰੇ ਰੰਗ ਦੀ ਵਾਸ਼ਨਾ
ਮੈਂ ਲੱਪ ਕੁ ਮੰਗੀ
ਤਾਂ
ਉਹ ਪੈਰ 'ਤੇ
ਮੁਕਰ ਗਈ
ਤ੍ਰੇਲ਼ੀਂ-ਧੋਤੀ
ਨਿੱਖਰੀ-ਨਿੱਖਰੀ
ਸੀਤਲ-ਸੀਤਲ
ਮੇਰੇ ਸੀਨੇ 'ਚ
ਉਤਰ ਗਈ
ਸੁਰਖ਼ਰੂ ਹੋ ਕੇ
ਕਾਹਵੇ ਦੇ ਘੁੱਟ ਭਰਦੀਏ ਨੀ!
ਤੈਨੂੰ ਇਹ
ਸ਼ਾਮ ਮੁਬਾਰਿਕ
ਜੋ ਤੇਰੇ ਗ਼ਮ ਦੀ ਫ਼ਾਹੀ
ਕੁਤਰ ਗਈ

Academy of the Punjab in North America: http://www.apnaorg.com

**ਮਰਜੀਵੜੇ ਦੇ ਸਿਵੇ ਤੇ**

ਏਸ ਵਾਰ ਵੀ ਸੀ
ਯੋਧੇ ਯੁੱਧ ਤੋਂ ਕਾਹਲੇ
ਲਹੂ ਦੀ ਲੋਅ
ਨਾੜਾਂ 'ਚ ਛੂਕਦੀ
ਪਰ
ਮੈਦਾਨ ਸੀ ਖ਼ਾਲੀ-ਖ਼ਾਲੀ
ਕੀਹਦੀ ਇੱਟ ਨਾਲ਼
ਇੱਟ ਖੜਕਾਉਂਦੇ
ਜੱਥੇਦਾਰਾ!
ਮੈਨੂੰ ਮਾਫ਼ ਕਰੀਂ
ਮੈਂ ਨਹੀਂ ਲੜ ਸਕਿਆ
ਤੇਰੇ ਲਈ
ਅੰਨ੍ਹਾ ਯੁੱਧ
ਤੇਰੀਆਂ ਦੁਚਿੱਤੀਆਂ ਦੇ
ਘੱਲੂਘਾਰੇ 'ਚ
ਮੈਂ ਬੌਂਦਲ਼ ਗਿਆ ਸੀ
ਤੇਰਾ ਹੁਕਮ ਵਜਾਉਂਦਿਆਂ
ਜਦੋਂ ਮੈ ਤੇਗ਼ ਸੂਤੀ
ਤੇਰੀ ਦਸਤਾਰ ਸਜਾਈ ਬੈਠਾ
ਬੁੱਧ ਮੁਸ਼ਕੜੀਏਂ ਹੱਸਿਆ
ਮੁੜ ਮਿਆਨ 'ਚ ਸਾਂਭੀ
ਤਾਂ ਮੈਂ
ਆਵਦਿਆਂ ਹੱਥੋਂ ਵੱਢਿਆ ਗਿਆ
ਸੇਧ ਵਿਹੂਣਾ
ਮੈਂ
ਸੰਤ ਸੀ ਕਿ ਸਿਪਾਹੀ
ਪਛਾਣ ਨਹੀਂ ਸਕਿਆ
ਕੀ ਸੀ ਇਹ
ਯੁੱਧ ਕਿ ਬੁੱਧ

**ਕਾਹਲ਼**

ਮੈਨੂੰ ਇੰਤਜ਼ਾਰ
ਬੁਲਬੁਲੇ 'ਚ ਦਿਸਦੇ
ਮੇਰੇ ਅਕਸ ਦੇ
ਹੋਰ ਉੱਘੜਨ ਦਾ ਨਹੀਂ
ਕਾਹਲ਼ ਬੜੀ ਹੈ ਮੈਨੂੰ
ਇਹਦੇ ਅੰਦਰ ਦੀ
ਚੁੱਪ ਨੂੰ
ਸੁਣਨ ਦੀ
ਇਹਦੀ ਸਿਫ਼ਰ ਨੂੰ
ਪੜ੍ਹਨ ਦੀ
ਇਹਦੇ ਖ਼ਾਲੀਪਨ ਨੂੰ
ਭਰਨ ਦੀ
ਤੱਤੀ ਧਰਤੀ 'ਤੇ
ਵਰਖਾ ਦੀ
ਪਹਿਲੀ ਕਣੀ ਵਾਂਗ
ਬਲ਼-ਬਲ਼ ਕੇ
ਮਿਟਣ ਦੀ

Academy of the Punjab in North America: http://www.apnaorg.com

**ਜੰਗ ਜਾਰੀ ਹੈ**

ਨਿਰਮੋਹੀ ਪੱਤਝੜ ਦਾ
ਦਰੱਖ਼ਤਾਂ ਨੂੰ ਛਾਂਗ ਕੇ
ਬਹਾਰਾਂ ਦੀ ਭਾਜੀ ਮੋੜਨਾ
ਕਾਲ਼ੀ-ਬੋਲ਼ੀ ਰਾਤ ਦਾ
ਲਿਸ਼ਕਦੀ ਦੁਪਹਿਰ ਨੂੰ
ਸਿਆਹੀਆਂ 'ਚ ਵਲ੍ਹੇਟਣਾ
'ਕੱਲੀ-ਕਹਿਰੀ ਚਿੜੀ ਦਾ
ਮੀਸਣੇ ਬਾਜਾਂ ਤੋਂ ਅੱਖ ਬਚਾ
ਬੋਚ-ਬੋਚ ਪੱਬ ਧਰਨਾ
ਵਾ-ਵਰੋਲ਼ਿਆਂ 'ਚ
ਰੇਤੇ ਦੇ ਘਰਾਂ ਦਾ
ਖੇਰੂੰ-ਖੇਰੂੰ ਹੋਣਾ
ਬੇ-ਗੁਰੇ ਤਿੱਤਰਾਂ ਦਾ
ਮਿੱਤਰਾਂ ਨਾਲ਼ ਕੀਤੇ
ਕਰਾਰਾਂ ਤੋਂ ਮੁੱਕਰਨਾ
ਹੁਣ ਤਾਂ
ਸਰਹੱਦ ਦੇ ਅੰਦਰਵਾਰ ਵੀ
ਜੰਗ ਜਾਰੀ ਹੈ
ਪੱਤਝੜਾਂ ਦੀ
ਬਹਾਰਾਂ ਨਾਲ਼
ਰਾਤਾਂ ਦੀ
ਦੁਪਹਿਰਾਂ ਨਾਲ਼
ਚਿੜੀਆਂ ਦੀ
ਬਾਜਾਂ ਨਾਲ਼
ਘਰੌਂਦਿਆਂ ਦੀ
ਵਰੋਲ਼ਿਆਂ ਨਾਲ਼
ਤੇ ਮੇਰੀ
ਮੇਰੇ ਨਾਲ਼

Academy of the Punjab in North America: http://www.apnaorg.com

**ਡੁੱਬਦੇ ਸੂਰਜ ਨੂੰ ਸਲਾਮ**

ਦਿਨ-ਬ-ਦਿਨ
ਅਸੀਂ ਫੇਰ ਵੀ ਜੀਊਂਦੇ ਹਾਂ
ਉਨੇ ਦਰਿਆਵਾਂ ਦੇ
ਹੋ ਕੇ ਪਾਣੀ
ਰਾਤ-ਦਰ-ਰਾਤ
ਅਸੀਂ ਸੌਂਦੇ ਹਾਂ
ਵਾਹੇ ਵਾਹਣ 'ਚ
ਆਪਣੇ ਪੁਰਖਿਆਂ ਵਾਂਙੂੰ
ਤੇ ਦੂਰ ਖਿੱਤੀਆਂ ਥਾਣੀਂ
ਨਿੱਤ ਵੇਖਦੇ ਹਾਂ
ਡੁੱਬਦੇ ਸੂਰਜ ਨੂੰ
ਰਾਤ ਦੀ ਬੁੱਕਲ਼ 'ਚ ਡਿੱਗਿਆ
ਉਹੀ ਧਰੂ ਤਾਰਾ
ਮੇਰੇ ਮੱਥੇ 'ਤੇ
ਕਰਦਾ ਹੈ ਚਾਨਣ ਦੀ
ਕਸੀਦਾਕਾਰੀ
ਜਾਹ ਸੂਰਜਾ ! ਜਾਹ!!
ਬੜਾ ਹੰਭ ਗਿਆ ਹੈਂ
ਤੁਰਦਾ-ਤੁਰਦਾ
ਦਿਸਹੱਦਿਆਂ ਦੇ ਵਿਚਕਾਰ

ਤੇਰੀ ਥਕਾਵਟ
ਰਾਤ ਦੇ ਗਰਭ 'ਚ ਲਾਹ ਦੇ
ਕੱਲ੍ਹ ਦੇ ਚੜ੍ਹਦੇ ਸੂਰਜ ਦੀ ਆਸ 'ਚ
ਡੁੱਬਦੇ ਸੂਰਜ ਨੂੰ ਵੀ
ਮੇਰਾ ਸਲਾਮ!

Academy of the Punjab in North America: http://www.apnaorg.com

**ਅਨਹਦ ਨਾਦ**

ਇਹ
ਕੇਹਾ ਗੀਤ
ਨੀ ਅੜੀਏ!
ਮੈਨੂੰ ਆਪ ਨੂੰ
ਸੁਣਦਾ ਹੈ
ਕਿਸੇ ਹੋਰ ਨੂੰ ਨਾਹੀਂ
ਫਿਰ ਵੀ
ਮੌਨ ਨੂੰ ਹੈ
ਮੁਖ਼ਾਤਿਬ
ਇਹ
ਕੇਹਾ ਸੰਗੀਤ
ਨੀ ਸਖੀਏ!
ਸਾਜ਼ ਵਿਹੂਣਾ
ਪਰ ਸਜਿਆ ਹੈ
ਹਰ ਮੌਨ ਗੀਤ
ਇਹ
ਕੇਹਾ ਗਵੰਤਰੀ
ਨੀ ਬੀਬਾ!
ਹੇਕ ਤੇ ਟੇਕ ਹੈ
ਗਾਉਂਦਾ ਨਹੀਂ
ਪਰ ਸੰਵਾਦ ਹੈ
ਤੇਰੇ ਤੇ ਮੇਰੇ
ਅਨਹਦ ਵਿਚਕਾਰ

Academy of the Punjab in North America: http://www.apnaorg.com

**ਵਲ਼ਗਣ**

ਵਲ਼ਗਣ ਲਈ
ਕੰਧਾਂ ਤਾਂ ਨਹੀਂ ਜ਼ਰੂਰੀ
ਨਿਗ੍ਹਾ ਦੇ ਉਹਲੇ ਹੀ
ਰੱਖ ਲੈਂਦੇ ਨੇ
ਅੰਦਰਲਾ ਅੰਦਰ
ਤੇ
ਬਾਹਰਲਾ ਬਾਹਰ

ਨਾ ਅੰਦਰਲੇ ਨੂੰ
ਬਾਹਰ ਦਾ ਝਾਕਾ
ਨਾ ਬਾਹਰਲੇ ਨੂੰ
ਅੰਦਰ ਦਾ

ਪਾ ਹੀ ਦਿੰਦੇ ਨੇ
ਸੰਵਾਦਾਂ 'ਚ ਵਿਘਨ
ਮਨ ਦੇ ਵਿੰਗ-ਵਲ਼ੇਵੇਂ
ਤੇ ਹੋ ਜਾਂਦਾ ਹੈ
ਬੋਲਾਂ ਦਾ ਮੌਨ-ਵਰਤ

ਜਿਉਂਦਿਆਂ ਤੋਂ ਤਾਂ
ਰਹਿੰਦੇ ਹਾਂ
ਖ਼ੌਫ਼ਜ਼ਦਾ
ਮੋਇਆਂ ਤੋਂ ਵੀ ਡਰਦੇ
ਸ਼ਮਸ਼ਾਨਾਂ ਨੂੰ ਵੀ
ਕਰ ਦਿੰਦੇ ਹਾਂ
ਵਲ਼ਗਣ

Academy of the Punjab in North America: http://www.apnaorg.com

**ਭੇਤ**

ਨਾ ਅੰਡਜ ਦਾ
ਨਾ ਜੇਰਜ ਦਾ
ਨਾ ਸੇਤਜ ਦਾ
ਕਦੇ ਖਾਨੇ ਨਹੀਂ
ਵੜਿਆ ਸੀ ਮੇਰੇ
ਭੇਤ ਉਤਭੁਜ ਦਾ

ਜਦੋਂ ਦੂਰ
ਬਹੁਤ ਦੂਰ
ਵੇਖਿਆ
ਧਰਤੀ ਤੇ ਅੰਬਰ ਦਾ
ਸੰਗਮ

ਦਿਸਹੱਦੇ ਵੱਲ ਤੁਰਦਿਆਂ
ਮੈਂ ਮੀਚ ਲਈਆਂ ਅੱਖਾਂ
ਤੇ ਹੁਣ
ਉੱਘੜ ਗਿਆ ਹੈ ਪਾਜ
ਕਿ ਕਿਉਂ
ਪੜਦੇ 'ਚ
ਚਾਹੀਦੇ ਹਨ ਕਰਨੇ
ਭਜਨ, ਭੋਜਨ ਤੇ ਭੋਗ

Academy of the Punjab in North America: http://www.apnaorg.com

**ਮੇਰੇ ਪ੍ਰਭ ਜੀ**

ਨਾ ਕਿਸੇ ਨਾਲ਼
ਵਾਅਦਾ
ਨਾ ਕਿਸੇ 'ਤੇ
ਦਾਅਵਾ
ਇਹ ਚੁੱਪ-ਚੁਪੀਤੀ
ਰਾਤ ਤਾਂ
ਸਾਰੇ ਬੋਲ
ਗੁਆ ਬੈਠੀ ਹੈ
ਤੰਦੂਏ ਫਾਹੀ
ਜੀਭ 'ਤੇ
ਕੁਝ ਬੋਲ ਧਰੋ
ਮੇਰੇ ਪ੍ਰਭ ਜੀ!
ਇਸ ਸੂਲ਼ਾਂ ਵਿੰਨ੍ਹੀ
ਰੈਣ ਦੀ
ਇੱਕ ਪੀੜ ਹਰੋ
ਮੇਰੇ ਪ੍ਰਭ ਜੀ!
ਨਾ ਅੰਬਰਸਰ
ਫੇਰੀ ਪਾਉਣਾ
ਨਾ ਕਾਸ਼ੀ ਵਿਚ
ਜਾ ਕੇ ਨਹਾਉਣਾ
ਮੈਂ ਨਹੀਂ ਤੇਰੇ
ਮੱਕੇ ਜਾਣਾ
ਮਨ-ਮੰਦਰ 'ਚੋਂ ਨਿਕਲ਼ੀ
ਅੰਬਰ ਪਾੜੂ ਚੀਕ ਤੇ
ਕੁਛ ਰਹਿਮ ਕਰੋ
ਮੇਰੇ ਪ੍ਰਭ ਜੀ!

Academy of the Punjab in North America: http://www.apnaorg.com

**ਸਿਆਹ ਵਹਿਸ਼ਤ**

ਰਾਤ ਤਾਂ
ਮੁਟਿਆਰ ਹੋ ਚੱਲੀ ਹੈ
ਸ਼ਹਿਰ ਪਿਆ ਹੈ
ਘੂਕ ਸੁੱਤਾ
ਕਿਸੇ ਬੇਗਾਨੇ ਸ਼ਹਿਰ ‘ਚ
ਤੂੰ ਤਾਂ ਵੇਖਿਆ ਸੀ
ਦਰੱਖਤਾਂ ਨੂੰ
ਬੇ-ਨੂਰ
ਕੱਲ-ਮ-ਕੱਲੇ
ਪਰ ਇੱਥੇ
ਮੇਰੇ ਆਪਣੇ ਗਰਾਂ ‘ਚ
ਮੇਰੇ ਘਰੋਂ ਬਾਹਰ
ਕੁੱਤੇ ਭੌਂਕ ਰਹੇ ਨੇ
ਤੇ ਅੰਦਰ
ਮੈਂ ਚੀਕ ਘੁੱਟੀ ਬੈਠਾ ਹਾਂ
ਰਾਤ ਨੂੰ ਭੌਂਕਣਾ
ਕੁੱਤਿਆਂ ਦਾ ਫ਼ਰਜ਼ ਹੈ
ਤੇ ਮੇਰਾ ਚੀਕਣਾ
ਗੁਸਤਾਖ਼ੀ
ਪਰ ਨਿਸ਼ੰਗ ਕੌਣ ਹੈ
ਮੈਂ
ਜਾਂ ਕੁੱਤੇ
ਜਾਂ ਰਾਤ
ਜਾਂ ਸ਼ਹਿਰ
ਪਤਾ ਨਹੀਂ

Academy of the Punjab in North America: http://www.apnaorg.com

**ਮੰਡੀ**

ਆਪੇ ਦੀ ਭਾਲ਼ 'ਚ
ਆਪ ਨੂੰ ਹਾਰ ਕੇ
ਬੇਗਾਨਗੀ ਦੇ
ਕੋਰੇ ਹਲ਼ਫ਼ਨਾਮੇ 'ਤੇ
ਦਸਤਖ਼ਤ ਕਰਨ
ਮੰਡੀ ਗਿਆ
ਮੇਰਾ ਪਿੰਡ
ਅਜੇ ਤੱਕ ਨਹੀਂ ਮੁੜਿਆ

ਗੁਆਚੇ ਦੀ ਦੱਸ
ਕਿਸੇ ਨੇ ਨਾ ਪਾਈ
ਫਿਰ ਇੱਕ ਦਿਨ
ਅੱਖ ਬਚਾ ਕੇ
ਕਾਰੇ-ਹੱਥੀ
ਵਹਿਵਤਣ
ਮੋਮੋਠੱਗਣੀ
ਮੰਡੀ ਆਪੇ ਹੀ
ਮੇਰੇ ਪਿੰਡ ਦੇ ਪਿੰਡੇ 'ਤੇ
ਗੁਆਚੇ ਦੀ ਭਾਲ਼ ਦਾ
ਇਸ਼ਤਿਹਾਰ ਬਣ ਕੇ
ਚਿੰਬੜ ਗਈ

**ਅੰਤਿਕਾ**

ਤੂੰ
ਕਿਤਾਬ ਵਾਂਗ
ਖੁੱਲ੍ਹ ਰਹੀ ਹੈਂ
ਪਲ-ਪਲ
ਛਿਣ-ਛਿਣ
ਪਰ
ਮੈਂ ਤਾਂ ਅਜੇ
ਤਤਕਰਾ ਪੜ੍ਹ ਰਿਹਾ ਹਾਂ
ਡਰਦਾ ਹਾਂ
ਕਿਤੇ ਮੇਰੇ
ਸਰਾਪੇ ਜ਼ਰਦ ਹੱਥਾਂ ਨਾਲ਼
ਤੇਰੇ
ਸਫ਼ੈਦ ਸੋਹਲ
ਸਫ਼ਿਆਂ ਨੂੰ
ਪੀਲ਼ਕ ਨਾ ਚੜ੍ਹ ਜਾਵੇ
ਰਾਤਾਂ 'ਚ
ਬਾਤਾਂ ਸੁਣਦੀ
ਕਿਤਾਬ ਦੇ ਅਖ਼ੀਰ ਬੈਠੀ
ਅੰਤਿਕਾ
ਤੈਥੋਂ
ਮੇਰਾ ਮੁਹਾਂਦਰਾ
ਜ਼ਰੂਰ ਪੁੱਛੇਗੀ
ਤੂੰ ਇਹ ਜ਼ਿਕਰ ਨਾ ਕਰੀਂ
ਕਿ ਮੈਂ
ਤਤਕਰੇ 'ਚੋਂ
ਅੰਤਿਕਾ ਭਾਲ਼ਦਾ ਹਾਂ

Academy of the Punjab in North America: http://www.apnaorg.com

**ਕੰਜਕੀ ਲੋਅ**

ਹਰ ਮਰਦ
ਨਾ ਪਰਾਇਆ
ਨਾ ਹਰ ਮਰਦ ਹੈ
ਆਪਣਾ
ਇਹ ਘੁਣਤਰਾਂ
ਟਿੱਚਰਾਂ
ਚੋਭਾਂ
ਘਿਰਣਤਾਂ
ਖਚਰਪੁਣਾ
ਵਹਿਵਤਾਂ
ਸੁਣ-ਸੁਣ ਕੇ
ਐਵੇਂ ਨਾ ਦੁਖਾ ਲਈਂ
ਪੁੜਪੁੜੀਆਂ
ਦੀਵਿਆਂ ਦੁਆਲ਼ੇ
ਭਮੱਤਰੇ ਭਮੱਕੜ
ਆਪੇ ਸੜ ਜਾਣਗੇ
ਪਲ-ਖਿਣ ਦੀ
ਉਮਰ ਹੰਢਾ ਕੇ
ਬਸ ਤੂੰ
ਕੰਜਕੀ ਲੋਅ ‘ਚ
ਗੁੱਡੀਆਂ ਦੇ ਬਸਤਰ
ਸਿਉਂਦੀ ਰਹਿ

Academy of the Punjab in North America: http://www.apnaorg.com

**ਕੱਚੇ ਕੱਚ ਦੇ ਕੰਙਣ**

ਕੁੜੀ ਦੇ ਬੁੱਲ੍ਹਾਂ ‘ਤੇ
ਤ੍ਰਿੰਝਣ
ਪਰ ਕੰਙਣਾਂ ‘ਚ
ਤਿੜਕਣ ਦਾ ਮਰਸੀਆ
ਕਦੇ ਬਾਬਲ ਦੀ
ਸਰਦਲ ਦੇ ਅੰਦਰਵਾਰ
ਕਦੇ
ਕੰਤ ਸਿਹੁੰ ਦੇ
ਵਲ਼ਗਣ ਵਿਚਕਾਰ
ਦੁਸ਼ਵਾਰੀਆਂ ਨਾਲ਼
ਲਬਾਲਬ
ਉਹਦੇ ਸੁਫ਼ਨੇ ਤੇ ਤਾਂਘਾਂ
ਹੰਝੂ ਬਣ-ਬਣ
ਕੰਙਣਾਂ ‘ਚ ਵਿਲਕਦੇ
ਤੇ
ਤਿੜਕ ਤਿੜਕ ਕੇ
ਰਿਹਾ ਤਰੇੜਦਾ
ਕੰਙਣਾਂ ਦਾ ਜੇਰਾ

ਗੁਣਵੰਤੜੀਏ!
ਟੁੱਟਦੇ ਹੀ ਰਹੇ
ਤੇਰੇ
ਕੱਚੇ ਕੱਚ ਦੇ ਕੰਙਣ